# THE CONCEPT OF EDUCATION IN PUNJABI FOLK SONGS

(In reference to Dr. Gurmail Kaur Joshi's book 'Malve Di Dhadkan')

# ਪੰਜਾਬੀ ਲੋਕ-ਗੀਤਾਂ ਵਿੱਚ ਸਿੱਖਿਆ ਦਾ ਸੰਕਲਪ

(ਡਾ. ਗੁਰਮੇਲ ਕੌਰ ਜੋਸ਼ੀ ਦੀ ਪੁਸਤਕ 'ਮਾਲਵੇ ਦੀ ਧੜਕਣ' ਦੇ ਸੰਦਰਭ 'ਚ)

**ਡਾ.ਵੀਰਪਾਲ ਕੌਰ (Dr. Veerpal Kaur)**

ਪੰਜਾਬੀ ਲੇਖਿਕਾ, ਮਾਨਸਾ (ਪੰਜਾਬ)

ਮੋਬਾਈਲ : 85690-01590, Email : veerpalkamal@gmail.com

ABSTRACT

*ਸਿੱਖਿਆ ਇੱਕ ਨਿਰੰਤਰ ਪ੍ਰਕਿਰਿਆ ਹੈ। ਸਿੱਖਿਆ ਮਨੁੱਖ ਨੂੰ ਜੀਵਨ ਬਸਰ ਕਰਨਾ ਸਿਖਾਉਂਦੀ ਹੈ। ਸਿੱਖਿਆ ਸਿੱਧੇ ਅਤੇ ਅਸਿੱਧੇ ਢੰਗ ਨਾਲ ਮਨੁੱਖਾ ਨੂੰ ਜਾਗ੍ਰਿਤ ਜਰਦੀ ਹੈ। ਬਹੁਭੁਆਂਤੀ ਸਿੱਖਿਆ ਪ੍ਰਾਪਤ ਕਰਨ ਦਾ ਇੱਕ ਸੌਖਾ ਸਾਧਨ ਅਤੇ ਸਭਿਆਚਾਰ ਦਾ ਮੁੱਖ ਅੰਗ ਲੋਕ-ਗੀਤ ਹਨ। ਲੋਕ-ਗੀਤਾਂ ਰਾਹੀਂ ਕਿਸੇ ਵੀ ਖਿੱਤੇ ਦੀ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਇਤਿਹਾਸਕ ਜਾਣਕਾਰੀ ਮਿਲਦੀ ਹੈ। ਇਸ ਤਰ੍ਹਾਂ ਸਿੱਖਿਆ ਅਤੇ ਲੋਕ ਗੀਤ ਇੱਕ ਦੂਜੇ ਦੇ ਪੂਰਕ ਹਨ। ਲੋਕ-ਗੀਤ ਨੈਤਿਕ ਸਿੱਖਿਆ ਦਾ ਅਨਮੋਲ ਖਜਾਨਾ ਹਨ। ਲੋਕ-ਗੀਤ ਸਿੱਖਿਆ ਦਾ ਅਨਿਖੜਵਾਂ ਅੰਗ ਹਨ। ਇਸ ਪਰਚੇ ਵਿੱਚ ਲੋਕ-ਗੀਤਾਂ ਅਤੇ ਸਿੱਖਿਆ ਦੇ ਸਬੰਧ ਨੂੰ ਬਿਆਨ ਕੀਤਾ ਗਿਆ ਹੈ।*

**ਕੀਵਰਡ***:* ਸਿੱਖਿਆ, ਲੋਕ-ਗੀਤ, ਸਮਾਜ, ਸਭਿਆਚਾਰ, ਪੰਜਾਬੀ ਲੋਕਧਾਰਾ, ਲੋਕ ਗੀਤ ਰਾਹੀਂ ਸਿੱਖਿਆ।

ਲੋਕਗੀਤਾਂ ਵਿੱਚੋਂ ਕਿਸੇ ਵੀ ਸਮਾਜ ਦੀ ਪੂਰੀ ਝਲਕ ਦੇਖੀ ਜਾ ਸਕਦੀ ਹੈ। ਪੰਜਾਬੀ ਲੋਕ-ਗੀਤਾਂ ਵਿੱਚ ਪੰਜਾਬ ਦੇ ਜੀਵਨ ਦੇ ਹਰ ਖੇਤਰ ਦਾ ਵਰਣਨ ਮਿਲਦਾ ਹੈ। ਲੋਕ-ਗੀਤ ਸਾਹਿਤ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਣ ਵਾਲਾ ਮੌਖਿਕ ਸਾਹਿਤ ਹੈ। ਇਹ ਉਹ ਲੋਕ-ਗੀਤ ਹਨ ਜੋ ਮਨੁੱਖੀ ਮਨਾ 'ਚੋਂ ਆਪ ਮੁਹਾਰੇ ਸਿਰਜੇ ਗਏ ਹਨ। ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਅਤੇ ਦੁੱਖ-ਸੁੱਖ ਇੱਕ ਦੂਜੇ ਨਾਲ ਸਾਂਝੀਆਂ ਕਰਦਾ ਹੈ। ਜਦ ਇਹ ਭਾਵਨਾਵਾਂ ਕਾਵਿਮਈ ਰੂਪ ਲੈ ਲੈਂਦੀਆਂ ਹਨ ਤਾਂ ਲੋਕ-ਗੀਤ ਬਣ ਜਾਂਦੀਆਂ ਹਨ। ਇਹ ਇੱਕ ਖਿੱਤੇ ਦੀ ਲੋਕਾਈ ਦੀਆਂ ਮਨ ਦੀਆਂ ਭਾਵਨਾਵਾਂ ਬਣ ਜਾਂਦੇ ਹਨ। ਅੱਗੇ ਚੱਲ ਕੇ ਲੋਕਾਂ ਦੀਆ ਰਹੁ ਰੀਤਾਂ ਦਾ ਪ੍ਰਗਟਾਵਾ ਬਣ ਜਾਂਦੇ ਹਨ। ਲੋਕ-ਗੀਤ ਸਮਾਜ ਦਾ ਉਹ ਸ਼ੀਸ਼ਾਂ ਹੁੰਦੇ ਹਨ, ਜਿਹਨਾ 'ਚੋਂ ਕਿਸੇ ਸਮਾਜ ਦੀ ਪੂਰਨ ਰੂਪ ਵਿੱਚ ਝਲਕ ਦੇਖੀ ਜਾ ਸਕਦੀ ਹੈ। ਕਿਸੇ ਸੱਭਿਅਤਾ ਦੇ ਇਤਿਹਾਸ ਅਤੇ ਵਰਤਮਾਨ ਲੋਕ ਗੀਤਾ ਵਿੱਚ ਉਜਾਗਰ ਹੋ ਜਾਂਦੇ ਹਨ। ਅੰਗਰੇਜ ਵਿਦਵਾਨ ਰਸਕਿਨ ਲਿਖਦਾ ਕਿ, *'ਮੈਨੂੰ ਦੇਸ਼ ਦੇ ਲੋਕ-ਗੀਤ ਦੇ ਦਿਉ ਅਤੇ ਮੈ ਉਸ ਵਿਚੋਂ ਸਮੱਗਰੀ ਲੈ ਕੇ ਦੇਸ਼ ਦਾ ਇਤਿਹਾਸ ਲਿਖ ਦੇਵਾਗਾ'।*

ਸਿੱਖਿਆ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਸਿੱਖਿਆ ਇੱਕ ਅਜਿਹੀ ਕੋਸ਼ਿਸ਼ ਹੈ, ਜੋ ਸਮਾਜ ਦੀ ਬਿਹਤਰ ਉਸਾਰੀ ਦਾ ਪ੍ਰਬੰਧ ਕਰਦੀ ਹੈ। ਸਿੱਖਿਆ ਮਨੁੱਖੀ ਜੀਵਨ ਦੇ ਆਚਰਨ ਦੀ ਬੁਨਿਆਦ ਹੈ। ਸਿੱਖਿਆ ਲਾਤੀਨੀ ਭਾਸ਼ਾ ਦੇ ਸ਼ਬਦ 'ਐਜੁਕੇਅਰ' ਚੋਂ ਨਿਕਲਿਆ ਹੈ, ਜਿਸਦਾ ਅਰਥ ਹੈ- ਬਾਹਰ ਕੱਢਣਾ ਜਾਂ ਜਨਮ ਦੇਣਾ। ਸਿੱਖਿਆ ਸ਼ਬਦ ਦੀ ਉੱਤਪਤੀ 'ਸ਼ਿਸ਼'ਧਾਤੂ ਤੋਂ ਵੀ ਹੋਈ ਮੰਨੀ ਗਈ ਹੈ, ਜਿਸਦਾ ਅਰਥ ਹੈ- ਮਨੁੱਖ ਨੂੰ ਉਹ ਬਨਾਉਣਾ, ਜੋ ਉਹ ਨਹੀਂ ਹੈ। ਸਿੱਖਿਆ ਦੇ ਬੁਨਿਆਦੀ ਅਰਥ ਮੁਤਾਬਿਕ ਕਿਸੇ ਨੂੰ ਅਜਿਹੀ ਸਿੱਖਿਆ ਜਾਂ ਉਪਦੇਸ਼ ਦੇਣਾ, ਜਿਸ ਨਾਲ ਉਸਦੀ ਜੀਵਨ ਜਾਂਚ ਅਤੇ ਚੱਜ ਅਚਾਰ ਦਾ ਪੱਧਰ ਉੱਚਾ ਹੋ ਸਕੇ। ਰਵਿੰਦਰ ਨਾਥ ਟੈਗੋਰ ਦੇ ਅਨੁਸਾਰ, *'ਸਿੱਖਿਆ ਮਨੁੱਖ ਦੀ ਸਚਾਈ ਦੀ ਭਾਲ ਵਿੱਚ ਸਹਾਇਤਾ ਹੈ।'*

ਡਾ. ਗੁਰਮੇਲ ਕੌਰ ਜੋਸ਼ੀ ਦਾ ਪੰਜਾਬੀ ਲੋਕਧਾਰਾ ਦੇ ਪ੍ਰਚਾਰ, ਪਸਾਰ ਅਤੇ ਸੰਭਾਲ ਕਰਨ ਲਈ ਵਿਲੱਖਣ ਯੋਗਦਾਨ ਹੈ। ਉਹਨਾਂ ਦੀ ਪੁਸਤਕ 'ਮਾਲਵੇ ਦੀ ਧੜਕਣ', ਜੋ ਕਿ ਵਿਸ਼ੇਸ਼ ਤੌਰ 'ਤੇ ਇਕੱਤਰ ਕੀਤੇ ਮਾਲਵਾ ਖਿਤੇ ਦੇ ਲੋਕ-ਗੀਤ ਅਤੇ ਰਸਮ-ਰਿਵਾਜਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਦਾ ਪੂਰਾ ਨਾਂ 'ਮਾਲਵੇ ਦੀ ਧੜਕਣ (ਲੰਮੀਆਂ ਹੇਕਾਂ ਦਾ ਪੁਰਾਤਨ ਲੋਕ-ਗਾਇਕੀ ਰੰਗ)' ਹੈ। ਇਸ ਖੋਜ ਪੱਤਰ ਵਿੱਚ ਹੱਥਲੀ ਪੁਸਤਕ ਵਿਚਲੇ ਲੋਕ-ਗੀਤਾਂ ਦਾ ਸਿੱਖਿਆ ਵਿੱਚ ਕੀ ਸੰਕਲਪ ਹੈ? ਵਿਸ਼ੇ ਤੇ ਚਰਚਾ ਕਰਾਂਗੇ।

**ਲੋਕ-ਗੀਤ ਅਤੇ ਸਿੱਖਿਆ ਦਾ ਸੰਬੰਧ :-**

ਲੋਕ-ਗੀਤ ਆਰਥਿਕ, ਸਮਾਜਿਕ, ਮਨੋਵਿਗਿਆਨੱਕ, ਸੱਭਿਆਚਾਰਕ ਅਦਿ ਪੱਖਾਂ ਨੂੰ ਉਜਾਗਰ ਕਰਦੇ ਹਨ। ਇਨ੍ਹਾਂ ਪੱਖਾਂ ਵਿੱਚ ਸਿੱਖਿਆਂ ਦਾ ਪੱਖ ਸ਼ਮੂਲੀਅਤ ਕਰਦਾ ਹੈ, ਜੋ ਸਮਾਜ ਦਾ ਬੇਹੱਦ ਲੋੜੀਂਦਾ ਪੱਖ ਹੈ। ਸਮਾਜ ਵੱਲੋਂ ਹਮੇਸ਼ਾਂ ਹੀ ਸਿੱਖਿਆ ਰੂਪੀ ਗੁਣ ਨੂੰ ਨਿਵਾਜਿਆ ਗਿਆ ਹੈ। ਜਦੋਂ ਪੰਜਾਬੀ ਲੋਕ-ਗੀਤ ਸਾਹਿਤ ਵਿੱਚ ਦਿੱਤੀ ਗਈ ਸਿੱਖਿਆ ਦੀ ਗੱਲ ਛੇੜਦੇ ਹਾਂ ਤਾਂ ਇਹ ਉਹ ਸਿੱਖਿਆ ਪ੍ਰਕਿਰਿਆ ਹੈ, ਜੋ ਸਮਾਜ ਦੇ ਸਿਆਣੇ (ਸਮਝਦਾਰ ,ਬਜੁਰਗ) ਵਰਗ ਵਲੋਂ ਆਮ ਨਾਗਰਿਕਾਂ ਨੂੰ ਜੀਵਨ ਦੇ ਤਜਰਬਿਆਂ ਚੋਂ ਦਿੱਤੀ ਜਾਂਦੀ ਹੈ। ਜੋ ਲੋਕ ਸਾਹਿਤ ਦੇ ਰੂਪ ਵਿੱਚ ਨਾਗਰਿਕਾਂ ਦਾ ਰਾਹ ਦਸੇਰਾ ਬਣਦੀ ਹੈ। ਲੋਕ ਸਾਹਿਤ ਦੀ ਇੱਕ ਵੰਨਗੀ ਲੋਕ-ਗੀਤ ਇਸ ਸਿੱਖਿਆ ਨੂੰ ਪੀੜ੍ਹੀ-ਦਰ-ਪੀੜ੍ਹੀ ਭਵਿੱਖ ਵੱਲ ਤੋਰਦੇ ਹਨ।

**ਲੰਮੀਆਂ ਹੇਕਾਂ ਦਾ ਲੋਕ-ਗੀਤ :-**

ਲ਼ੋਕ ਗੀਤਾਂ ਵਿੱਚ ਮਾਂ-ਧੀ, ਭੈਣ-ਭਰਾ, ਮਾਂ-ਪੁੱਤ, ਮਰਦ-ਔਰਤ, ਦਾਦੀ-ਪੋਤੀ, ਹੋਰ ਰਿਸ਼ਤੇ-ਨਾਤੇ ਅਤੇ ਸਮਾਜ ਦੇ ਵਿਸ਼ੇਸ਼ ਵਰਗ ਵੱਲੋਂ ਦਿੱਤੀ ਸਿੱਖਿਆ ਨੂੰ ਲੋਕ ਗੀਤਾਂ ਵਿੱਚ ਸਥਾਨ ਦਿੱਤਾ ਗਿਆ ਹੈ। ਜਿਹਨਾਂ ਵਿੱਚ ਵਿਆਹ,ਮੰਗਣਾ,ਵਿਆਹੁਤਾ ਜੀਵਨ ਦੀ ਤਿਆਰੀ, ਸਮਾਜਿਕ, ਨੈਤਿਕ ਜੀਵਨ ਜੁਗਤਾਂ ਦੀ ਸਿੱਖਿਆ, ਰਿਸ਼ਤਿਆਂ ਨੂੰ ਨਿਭਾਉਣ ਦੀ ਕਲਾ, ਸੁਨਹਿਰੀ ਜੀਵਨ ਜਾਂਚ ਦੀ ਜਿਉਣ ਦਾ ਸਲੀਕਾ ਦੀ ਸਿੱਖਿਆ ਦਿੱਤੀ ਗਈ ਹੈ।

**ਮਾਂ ਵਲੋਂ ਦੀ ਨੂੰ ਸਿੱਖਿਆ :-**

ਜਦੋਂ ਕੁੜੀ ਦਾ ਵਿਆਹ ਧਰਿਆ ਜਾਂਦਾ ਹੈ ਤਾਂ ਮਾਵਾਂ ਆਪਣੀ ਧੀ ਨੂੰ ਆਉਣ ਵਾਲੇ ਕਾਰਜਾਂ ਬਾਰੇ ਸੁਚੇਤ ਕਰਦੀਆਂ ਹਨ। ਵਿਆਹ ਦੀਆਂ ਰਸਮਾ-ਰੀਤਾਂ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਆਉਣ ਵਾਲੇ ਜੀਵਨ ਦੀ ਤਿਆਰੀ ਲਈ ਵੀ ਸਿੱਖਿਆ ਦਿੰਦੀਆਂ ਹਨ। ਵਿਆਹ ਵਾਲੀ ਅਨਭੋਲ ਕੁੜੀ ਨੂੰ ਉਸਦੀ ਮਾਂ ਖੇਡਣ ਜਾਣ ਤੋਂ ਵਰਜਦੀ ਕਹਿੰਦੀ ਹੈ:-

ਬੀਬੀ ਦੂਰ ਖੇਡਣ ਮਤ ਜਾਣਾ,ਸੱਜਣ ਘਰ ਆਵਣਗੇ
ਬੀਬੀ ਧੂੜ ਚੜੀ ਅਸਮਾਨ,ਹਾਥੀ ਘੋੜੇ ਆਵਣਗੇ
ਬੀਬੀ ਦੂਰ ਖੇਡਣ ਮਤ ਜਾਣਾ,ਸੱਜਣ ਘਰ ਆਵਣਗੇ
ਉਹਨਾ ਦੇ ਹੱਥ ਫੁੱਲਾਂ ਦੇ ਹਾਰ ,ਤੇਰੇ ਗਲ ਪਾਵਣਗੇ
ਬੀਬੀ ਦੂਰ ਖੇਡਣ ਮਤ ਜਾਣਾ,ਸੱਜਣ ਘਰ ਆਵਣਗੇ
ਬੀਬੀ ਸੱਜਣ ਸਦਾਏ ਤੇਰੇ ਬਾਪ,ਸੱਜਣ ਘਰ ਆਵਣਗੇ
ਬੀਬੀ ਦੂਰ ਖੇਡਣ ਮਤ ਜਾਣਾ,ਸੱਜਣ ਘਰ ਆਵਣਗੇ

ਮਾਂ ਇਸ ਗੀਤ ਦੇ ਬੋਲਾਂ ਰਾਹੀਂ ਧੀ ਨੂੰ ਵਿਆਹਉਣ ਆਓਣ ਵਾਲੀ ਬਰਾਤ ਲਈ ਮਾਨਸਿਕ ਤੌਰ ਤੇ ਵੀ ਤਿਆਰ ਕਰਦੀ ਹੈ।

**ਭੈਣ ਵਲੋਂ ਭਰਾ ਨੂੰ ਸਿੱਖਿਆ:-**

ਜਦੋਂ ਮੁੰਡੇ ਦਾ ਵਿਆਹ ਟਿਕ ਜਾਂਦਾ ਹੈ ਤਾਂ ਕਈ ਦਿਨ ਪਹਿਲਾਂ ਵਿਆਹ ਵਾਲੇ ਘਰ ਗਾਉਣ ਬਿਠਾਏ ਜਾਂਦੇ ਹਨ। ਇਹਨਾਂ ਗੀਤਾਂ ਵਿਚ ਭੈਣਾਂ ਵੱਲੋਂ ਭਰਾਵਾਂ ਲਈ ਸਿੱਖਿਆਂ ਰੁਪੀ ਗੀਤ ਗਾਏ ਜਾਂਦੇ ਹਨ। ਇਹ ਗੀਤ ਉਸਦੇ ਆਉਣ ਵਾਲੇ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਸਬੰਧਤ ਹੁੰਦੇ ਹਨ। ਇੱਕ ਭੈਣ ਆਪਣੇ ਵੀਰ ਨੂੰ ਹੋਣ ਵਾਲੇ ਸਹੁਰੇ ਪਰਿਵਾਰ ਦੀ ਇੱਜਤ ਕਰਨ ਲਈ ਨੈਤਿਕ ਸਿੱਖਿਆ ਦਾ ਗੀਤ ਗਾਉਂਦੀ ਕਹਿੰਦੀ ਹੈ:-

ਘੋੜਾ ਤਾਂ ਪੀੜੀਂ ਵੀਰਾ ਸਹੁਰਿਆਂ ਨੂੰ ਜਾਈਂ ਵੇ
ਮਹਿਲਾਂ ਦੇ ਅੰਦਰ ਵੀਰਾ ,ਬੇਗਮ ਦਾ ਦਾਦਾ ਵੇ
ਉਹਨੂੰ ਤਾਂ ਜਾ ਕੇ ਵੀਰਾ ਸੀਸ ਨਿਵਾਈਂ ਵੇ
ਓਹਨੇ ਤਾਂ ਬਖਸ਼ਿਆ ਵੀਰਾ ਪੋਤੀ ਦਾ ਡੋਲਾ ਵੇ
ਘੋੜਾ ਤਾਂ ਪੀੜੀਂ ਵੀਰਾ ਸਹੁਰਿਆਂ ਨੂੰ ਜਾਈਂ ਵੇ
ਮਹਿਲਾਂ ਦੇ ਅੰਦਰ ਵੀਰਾ ,ਬੇਗਮ ਦਾ ਬਾਬਲ ਵੇ
ਉਹਨੂੰ ਤਾਂ ਜਾ ਕੇ ਵੀਰਾ ਸੀਸ਼ ਨਿਵਾਈਂ ਵੇ
ਓਹਨੇ ਤਾਂ ਬਖਸ਼ਿਆ ਵੀਰਾ ਬੇਟੀ ਦਾ ਡੋਲਾ ਵੇ

**ਪਤੀ-ਪਤਨੀ ਦੀ ਸਲਾਹ:-**

ਪਤਨੀ ਦੇ ਕੁੱਝ ਮੰਗਣ 'ਤੇ ਆਰਥਿਕ ਮਜਬੂਰੀਆਂ ਦੀ ਦੁਹਾਈ ਪਾਉਂਦਾ ਪਤੀ ਆਪਣੀ ਪਤਨੀ ਨੂੰ ਆਪਣੇ ਸ਼ੌਕ ਮਾਰਕੇ ਜਿਉਣ ਦੀ ਸਲਾਹ ਦਿੰਦਾ ਹੈ। ਕਬੀਲਦਾਰੀ ਦੇ ਬੋਝ ਥੱਲੇ ਦੱਬਿਆ ਪਤੀ ਪਤਨੀ ਨੂੰ ਸਮਝਾਉਂਦਾ ਕਹਿੰਦਾ ਹੈ:-

ਮੇਰੇ ਕਾਂਟੇ ਟੁੱਟਗੇ ਲਾਲ,ਵੇ ਮੈ ਪੇਕੇ ਜਾਨੀ ਆਂ
ਨਹੀਂ ਤਾਂ ਨਵੇਂ ਲਿਆਦੇ ਲਾਲ, ਵੇ ਮੈ ਪੇਕੇ ਜਾਨੀ ਆਂ
ਨੀ ਤੂੰ ਮੇਰੇ ਵੱਲ ਦੇਖ, ਮੇਰੀ ਦਾੜੀ ਵੱਲ ਦੇਖ
ਨਣਦ ਕੁਮਾਰੀ ਵੱਲ ਦੇਖ
ਜੇਠ ਰੰਡੇ ਵੱਲ ਦੇਖ
ਦਿਉਰ ਮਸ਼ਟੰਡੇ ਵੱਲ ਦੇਖ
ਨੀ ਕਿਉਂ ਨੱਚਣ ਲੱਗੀ ਐਂ
ਗਰੀਬੀ ਦੱਸਣ ਲੱਗੀ ਐਂ
ਗਰੀਬੀ ਦੱਸਣ ਲੱਗੀ ਐਂ.........

**ਪ੍ਰੇਮੀ-ਪ੍ਰੇਮਿਕਾ ਦੀ ਮਜਬੂਰੀ ਨੂੰ ਦਰਸਾਉਂਦੀ ਸਿੱਖਿਆ:-**

ਧੀ ਦੇ ਫਰਜ ਨਿਭਾਉਂਦੀ ਹੋਈ ਇੱਕ ਮੋਹ ਰੱਤੀ ਮੁਟਿਆਰ ਆਪਣੇ ਮਾਪਿਆਂ ਦਾ ਵਾਸਤਾ ਦੇ ਕੇ, ਇਸ ਲੋਕ-ਗੀਤ ਰਾਹੀਂ ਆਪਣੇ ਪ੍ਰੇਮੀ ਨੂੰ ਸਮਝਾਉਣ ਦਾ ਯਤਨ ਕਰਦੀ ਕਹਿੰਦੀ ਹੈ ਕਿ ਮੈ ਮਾਪਿਆ ਨੂੰ ਧੋਖਾ ਨਹੀਂ ਦੇ ਸਕਦੀ। ਉਹ ਮਾਪਿਆਂ ਦੁਆਰਾ ਖਿੱਚੀ ਲਛਮਣ ਰੇਖਾ ਨਹੀਂ ਪਾਰ ਕਰ ਸਕਦੀ। ਉਹ ਉਸਦੀ ਗੱਲ ਸਮਝਣ ਦੀ ਕੋਸ਼ਿਸ਼ ਕਰੇ :-

ਕੋਟ ਹੋਵੇ ਟੱਪ ਜਾਵਾਂ ਵੇ ਮਿਰਜਿਆ
ਮੈਥੋਂ ਬੁਰਜ ਟੱਪਿਆ ਨਾ ਜਾਵੇ
ਸੱਸ ਹੋਵੇ ਛੱਡ ਦੇਵਾਂ ਮਿਰਜਿਆ
ਮੈਥੋਂ ਮਾਂ ਛੱਡੀ ਨਾ ਜਾਵੇ
ਕੋਟ ਹੋਵੇ ਟੱਪ ਜਾਵਾਂ ਵੇ ਮਿਰਜਿਆ
ਮੈਥੋਂ ਬੁਰਜ ਟੱਪਿਆ ਨਾ ਜਾਵੇ
ਸਹੁਰਾ ਹੋਵੇ ਛੱਡ ਦੇਵਾਂ ਮਿਰਜਿਆ
ਮੈਥੋਂ ਬਾਬਲ ਛੱਡਿਆ ਨਾ ਜਾਵੇ

**ਪਰਮਾਤਮਾ ਦਾ ਨਾਂ ਲੈਣ ਦੀ ਸਿੱਖਿਆ:-**

ਪੰਜਾਬੀ ਸੱਭਿਆਚਾਰ ਵਿੱਚ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਓਸ ਅਕਾਲ ਪੁਰਖ ਦਾ ਨਾਂ ਲਿਆ ਜਾਂਦਾ ਹੈ ਜਿਸਨੇ ਦੁਨੀਆਂ ਸਾਜੀ ਹੈ। ਸੋ ਲੋਕ-ਗੀਤ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਗਿੱਧੇ ਦੇ ਪਿੜ ਵਿੱਚ ਵੜਨ ‘ਤੇ ਪ੍ਰਮਾਤਮਾ ਦਾ ਨਾਂ ਲੈਣ ਦੀ ਸਿੱਖਿਆ ਦਿੰਦੀ ਗਿੱਧੇ ਦੀ ਇੱਕ ਲੋਕ ਬੋਲੀ:- ਬੋਲੀ ਪਾਵਾਂ ਸ਼ਗਨ ਮਨਾਵਾਂ, ਨਾਂ ਸਤਗੁਰ ਦਾ ਧਰਿਆ

ਨਾਂ ਪਰਮੇਸ਼ਵਰ ਦਾ ਲੈ ਕੇ ਗਿੱਧੇ ਵਿੱਚ ਵੜਿਆ। ਨਾਂ.........

**ਮਾੜੇ ਕੰਮਾਂ ਤੋਂ ਦੂਰ ਰਹਿਣ ਦੀ ਸਿੱਖਿਆ:-**

ਪੰਜਾਬ ਦੇ ਲੋਕ ਮੁੱਢ ਕਦੀਮ ਤੋਂ ਹੀ ਇਮਾਨਦਾਰੀ ਅਤੇ ਨੇਕ ਕਾਰਜਾਂ ਲਈ ਜਾਣੇ ਜਾਂਦੇ ਰਹੇ ਹਨ। ਇਹ ਦਾਦੀਆਂ-ਨਾਨੀਆ ਜਾਂ ਵਡੇਰਿਆਂ ਦੀ ਸਿੱਖਿਆ ਦਾ ਹੀ ਪ੍ਰਭਾਵ ਰਿਹਾ ਹੋਵੇਗਾ। ਜਿਸਦੀ ਜਾਣਕਾਰੀ ਸਾਨੂੰ ਹੱਥਲੀ ਪੁਸਤਕ ਵਿੱਚ ਦਰਜ ਲੋਕ ਗੀਤਾਂ ਤੋਂ ਮਿਲਦੀ ਹੈ। ਚੋਰੀ ਕਰਨ ਅਤੇ ਡਾਕਾ ਮਾਰਨ ਦੀ ਮਨਾਹੀ ਕਰਦੀ ਇੱਕ ਲੋਕ ਬੋਲੀ ਦਾ ਨਮੂਨਾ:-

ਨਾ ਵੇ ਪੂਰਨਾ ਕਰੀਏ ਚੋਰੀ, ਨਾ ਵੇ ਮਾਰੀਏ ਡਾਕਾ
ਕੈਦ ਭੋਗਣੀ ਪੈਜੂ ਪੂਰਨਾ, ਪੀਹਣਾ ਪੈਜੂ ਆਟਾ
ਮੈਂ ਤੈਨੂੰ ਵਰਜ ਰਹੀ, ਪੂਰਨ ਸਿਆਂ ਬਦਮਾਸ਼ਾ

**ਵਿਆਹ ਕੇ ਸਹੁਰੇ ਘਰ ਜਾ ਰਹੀ ਡੋਲੀ ਚੜ੍ਹਦੀ ਕੁੜੀ ਨੂੰ ਸਿੱਖਿਆ:-**

ਇਸ ਸਮੇਂ ਕੁੜੀਆਂ ਅਤੇ ਸ਼ਰੀਕੇ ਦੀਆਂ ਹੋਰ ਔਰਤਾਂ ਕੁੜੀ ਨੂੰ ਸਮਝਾਂਉਂਦੀਆਂ ਕਹਿੰਦੀਆਂ ਹਨ ਕਿ ਹੁਣ ਡੋਲੀ ਵਿੱਚ ਬੈਠ ਕੇ ਸਹੁਰੇ ਘਰ ਜਾਣਾ ਹੀ ਪੈਣਾ ਹੈ; ਧੀਆਂ ਨੂੰ ਤਾਂ ਰਾਜੇ ਰੰਕ ਵੀ ਘਰ ਨਹੀਂ ਰੱਖ ਸਕੇ :-

ਬੀਬੀ ਛੱਡ ਨੀ ਪੀੜ੍ਹੀ ਦੀ ਬਾਹੀ ,
ਅਸੀਂ ਤਾਂ ਵਿਆਹੀ, ਜੋਰਾਂ ਵਾਲੇ ਲੈ ਨੀ ਗਏ

ਡੇ ਵਾਲਿਆਂ ਦੇ ਘਰ ਡੋਲਾ ਪਹੁੰਚਣ ‘ਤੇ ਸੱਸ ਵਲੋਂ ਨੂਹ ਨੂੰ ਪਿਆਲਾ ਦੇਣ ਦੀ ਰਸਮ ਕੀਤੀ ਜਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੁੜੀਆ ਉਸ ਪਿਆਲੇ ਨੂੰ ਕੱਢ ਕੇ ਪੈਰਾਂ ਹੇਠ ਦੱਬ ਲੈਂਦੀਆਂ ਹਨ। ਇਹ ਸੱਸ ਨੂੰ ਦਬਾਓ ਹੇਠ ਰੱਖਣ ਹਿਤ ਕੀਤਾ ਜਾਂਦਾ ਹੈ। ਉਦੋਂ ਸਹੁਰੇ ਘਰ ਦੀਆਂ ਕੁੜੀਆਂ ਨਵੀਂ ਵਿਆਹੀ ਭਾਬੋ ਨੂੰ ਪਿਆਲਾ ਖਾ ਲੈਣ ਦੀ ਸਿੱਖਿਆ ਦਿੰਦੀਆਂ ਕਹਿੰਦੀਆਂ ਹਨ:-

ਪਿਆਲਾ ਵੀ ਤੇਰੀ ਸੱਸ ਦੇਵੇ ਭਾਬੋ, ਗੂੜ੍ਹੇ ਨੈਣਾ ਦੇ ਨਾਲ
ਪੈਰਾਂ ਹੇਠ ਨਾ ਦੱਬ ਲਈਂ ਤੇਰੀ, ਲੋਕੀ ਕਰੂ, ਨੀ ਅੰਤੋ ਪਿਆਰੀਏ ਵਿਚਾਰ।

**ਪੰਡਤ ਵੱਲੋਂ ਲੜਕੇ ਨੂੰ ਸਿੱਖਿਆ:-**

ਹੱਥਲੀ ਪੁਸਤਕ ਵਿੱਚ ਜਿਕਰ ਕੀਤਾ ਗਿਆ ਹੈ ਕਿ ਪੰਡਤ ਲੜਕੇ ਨੂੰ ਸਿੱਖਿਆ ਦੇ ਕੇ ਕਹਿੰਦਾ ਹੈ ਕਿ ਤੁਸੀ ਜਿੰਦਗੀ ਵਿੱਚ ਜੋ ਵੀ ਕੰਮ ਕਰੋ ਸਲਾਹ ਨਾਲ ਕਰਨਾ ਹੈ। ਉਹ ਧਰਤੀ ਉੱਤੇ ਸੱਤ ਲਕੀਰਾਂ ਕੱਢਵਾਕੇ ਸੱਤ-ਬਚਨ ਕਹਾਉਂਦਾ ਹੈ। ਪਰ ਇਸ ਨਾਲ ਸਬੰਧਤ ਕੋਈ ਗੀਤ ਦਰਜ ਨਹੀਂ ਹੈ।

**ਭਰਜਾਈ ਵਲੋਂ ਦਿਉਰ ਨੂੰ ਸਿੱਖਿਆ:-**

ਦਿਉਰ ਅਤੇ ਭਾਬੀ ਦਾ ਰਿਸ਼ਤਾ ਬੜਾ ਪਿਆਰਾ ਰਿਸ਼ਤਾ ਮੰਨਿਆ ਜਾਂਦਾ ਹੈ। ਭਰਜਾਈ ਆਪਣੇ ਛੋਟੇ ਦਿਉਰ ਨੂੰ ਕਦਮ-ਕਦਮ ‘ਤੇ ਸਮਝਾਉਂਦੀ ਰਹਿੰਦੀ ਹੈ। ਉਹ ਦਿਉਰ ਨੂੰ ਚੰਗੇ ਕੰਮ ਕਰਨ ਲਈ ਪ੍ਰੇਰਤ ਕਰਦੀ ਕਹਿੰਦੀ ਹੈ:-

ਆ ਦਿਉਰਾ ਤੇਰਾ ਕੱਢਾਂ ਤੌਲੀਆ, ਪਾਵਾਂ ਨਿੰਮ ਨਿਸ਼ਾਨੀ।
ਪਿੰਡ ਦੇ ਮੁੰਡਿਆਂ ਨਾਲ ਬਹਿ ਕੇ ਖਾ ਲਈਂ
ਜੂਹ ਨਾਂ ਟੱਪੀ ਬਿਗਾਨੀ, ਕੀਹਨੇ ਮੋਹ ਲਿਆ ਵੇ ,
ਮੇਰੇ ਦਿਲ ਦਾ ਜਾਨੀ। ਕੀਹਨੇ.........

**ਪਿਉ ਧੀ ਦੀ ਗੁਰਬਤ:-**

ਧੀਆਂ ਆਪਣੇ ਪਿਉ ਦੀਆ ਮਾਵਾਂ ਬਣਕੇ ਉਸਦੀ ਦੇਖ ਭਾਲ ਕਰਦੀਆਂ ਹਨ। ਜਿਸ ਘਰ ਵਿੱਚ ਧੀ ਹੋਵੇ ਉਸ ਘਰ ਵਿੱਚ ਮਾਂ ਦੀ ਕਮੀ ਮਹਿਸੂਸ ਨਹੀਂ ਹੁੰਦੀ। ਪਿਉ ਦੀਆਂ ਜਿੰਮੇਵਾਰੀਆਂ ਨੂੰ ਸਮਝਦੀ ਇੱਕ ਧੀ ਪਿਉ ਨੂੰ ਕਹਿੰਦੀ ਹੈ:-

ਜੇ ਘਰ ਜਨਮੀ ਧੀ ਵੇ ਬਾਬਲਾ, ਸੋਚੀਂ ਪੈ ਕੇ ਜੀ ਵੇ ਬਾਬਲਾ
ਜੇ ਘਰ ਜਨਮੀ ਧੀ ਵੇ ਬਾਬਲਾ, ਥੋੜੀ ਦਾਰੂ ਪੀ ਵੇ ਬਾਬਲਾ

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ 'ਮਾਲਵੇ ਦੀ ਧੜਕਣ' ਪੁਸਤਕ ਸੱਭਿਆਚਾਰ ਦੇ ਅਮੁੱਲ ਵਰਤਾਰੇ ਨੂੰ ਸੰਭਾਲਣ ਦਾ ਯਤਨ ਤਾਂ ਕਰਦੀ ਹੀ ਹੈ, ਇਸ ਦੇ ਨਾਲ-ਨਾਲ ਪੁਸਤਕ ਵਿੱਚ ਜੋ ਸਿੱਖਿਅਦਾਇਕ ਗੀਤ ਦਰਜ ਹਨ, ਉਹ ਹਰ ਵਰਗ, ਉਮਰ, ਫਿਰਕੇ, ਰਿਸ਼ਤੇ ਅਤੇ ਵਰਤਾਰੇ ਦੀ ਰਹਿਨੁਮਾਈ ਕਰਦੇ ਹਨ। ਨਿਰਸੰਦੇਹ ਇਹ ਸੰਭਾਲਣਯੋਗ ਪੁਸਤਕ ਹੈ। ਇਸ ਪੁਸਤਕ ਨੂੰ ਪੜ ਕੇ ਨੈਤਿਕ ਗੁਣਾਂ ਨੂੰ ਧਾਰਨ ਕੀਤਾ ਜਾ ਸਕਦਾ ਹੈ। ਡਾ.ਗੁਰਮੇਲ ਕੌਰ ਜੋਸ਼ੀ ਵੱਲੋਂ ਕੀਤਾ ਇਹ ਨਿੱਘਰ ਉਪਰਾਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਹੇਵੰਦ ਸਾਬਤ ਹੋਵੇਗਾ।

**ਅੰਤ ਇੱਕ ਚੰਗੀ ਉਮੀਦ ਨਾਲ ਸਭ ਲਈ ਸਿੱਖਿਆ:-**

ਕਦੇ ਹੱਸ ਵੇ ਮਨਾਂ ਕਦੇ ਖੇਡ ਵੇ ਮਨਾਂ
ਏਸ ਜੱਗ ਨਹੀ ਆਉਣਾ ਫੇਰ ਵੇ ਮਨਾਂ

**ਹਵਾਲੇ ਅਤੇ ਟਿੱਪਣੀਆਂ:-**

1. ਜੋਸ਼ੀ, ਗੁਰਮੇਲ ਕੌਰ (ਡਾ.) ਮਾਲਵੇ ਦੀ ਧੜਕਣ, ਉਡਾਨ ਪਬਲੀਕੇਸ਼ਨ, ਮਾਨਸਾ।
2. ਵਾਲੀਆ, ਸਿੱਖਿਆ ਦੇ ਦਾਰਸਨਿਕ ਸਿਧਾਂਤ, ਅਹਿਮ ਪਾਲ ਪਬਲਿਸ਼ਰ, ਜਲੰਧਰ।
3. ਸੰਧੂ, ਕੁਲਵੰਤ ਕੌਰ, ਕਿਤੇ ਮਿਲ ਨੀ ਮਾਏ, ਤਸਵੀਰ ਪ੍ਰਕਾਸ਼ਨ ਕਾਲਾਂਵਾਲੀ, ਸਿਰਸਾ
4. ਸਮਾਜ ਵਿਗਿਆਨ ਪੱਤਰ, ਅੰਕ 61, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. ਜਬਾਨੀ ਯਾਦ ਲੋਕ-ਗੀਤ।